# ਗੈਰ ਸਰਕਾਰੀ ਦਹਿਸ਼ਤਗਰਦੀ, ਸਰਕਾਰੀ ਦਹਿਸ਼ਤਗਰਦੀ ਅਤੇ ਕੰਪਨੀਆਂ ਦੀ ਦਹਿਸ਼ਤਗਰਦੀ ਦਾ ਆਪਸ ਵਿਚ ਕੀ ਤਾਅਲੁਕ ਹੈ?

ਦਹਿਸ਼ਤਗਰਦੀ ਦੇ ਇਹ ਤਿੰਨ ਰੂਪ ਇਕ ਦੂਜੇ ਨਾਲ ਕਿਸੇ ਨਾ ਕਿਸੇ ਤਰੀਕੇ ਨਾਲ ਜੁੜੇ ਹੁੰਦੇ ਹਨ। ਇਹ ਕਿਸੇ ਨਾ ਕਿਸੇ ਤਰਾਂ ਇਕ ਦੂਜੇ ਤੇ ਨਿਰਭਰ ਕਰਦੇ ਹਨ ਅਤੇ ਇਕ ਦੂੱਜੇ ਨੂੰ ਪੱਠੇ ਪਾਂਉਦੇ ਹਨ। ਮਿਸਾਲ ਦੇ ਤੌਰ ਤੇ ਬਿਹਾਰ ਵਿਚ ਰਣਬੀਰ ਸੈਨਾ ਇਕ ਗੈਰ ਸਰਕਾਰੀ ਦਹਿਸ਼ਤਗਰਦਾਂ ਦਾ ਜੱਥਾ ਹੈ। ਇਹ ਜੱਥਾ ਕਈ ਸਾਲਾਂ ਤੋਂ ਬੇਜ਼ਮੀਨੇ ਕਿਸਾਨਾਂ, ਦਲਿਤਾਂ ਅਤੇ ਹੋਰਨਾਂ ਗਰੀਬਾਂ ਨਾਲ ਮਾਰੋਮਾਰੀ ਕਰ ਰਿਹਾ ਹੈ। ਹਰ ਸਾਲ ਇਹ ਰਣਬੀਰ ਸੈਨਾ ਬਹੁਤ ਲੋਕਾਂ ਦੇ ਘਰ ਸਾੜ ਦਿੰਦੀ ਹੈ ਅਤੇ ਕਤਲ ਵੀ ਕਰਦੀ ਹੈ। ਰਣਬੀਰ ਸੈਨਾ ਦੇ ਪਿੱਛੇ ਬਿਹਾਰ ਦੇ ਵੱਡੇ ਜਗੀਰਦਾਰਾਂ ਅਤੇ ਉਚੀਆਂ ਜ਼ਾਤਾਂ ਦੇ ਵਡੇਰਿਆਂ ਦਾ ਹੱਥ ਹੈ। ਉਨ੍ਹਾਂ ਨੇ ਰਣਬੀਰ ਸੈਨਾ ਨੂੰ ਕਿਸਾਨਾਂ ਅਤੇ ਦਲਿਤਾਂ ਨੂੰ ਕੁਚਲਣ ਲਈ ਜੱਥੇਬੰਦ ਕੀਤਾ ਹੈ। ਸਾਰੀਆਂ ਹੀ ਸਰਕਾਰ ਦੀਆਂ ਅਜੰਸੀਆਂ ਨੂੰ ਇਸ ਦਾ ਪਤਾ ਹੈ। ਪਰ ਉਹ ਰਣਬੀਰ ਸੈਨਾ ਵੱਲ ਅੱਖ ਵੀ ਨਹੀਂ ਚੁੱਕਦੇ। ਇਹ ਜੱਥਾ ਹਥਿਆਰਾਂ ਨਾਲ ਲੈਸ ਪਿੰਡਾਂ ਵਿਚ ਦਹਿਸ਼ਤਗਰਦੀ ਫੈਲਾਂਉਦਾ ਹੈ ਅਤੇ ਕਈ ਸਾਲਾਂ ਤੋਂ ਦਹਿਸ਼ਤਗਰਦੀ ਫੈਲਾ ਰਿਹਾ ਹੈ।ਬਿਹਾਰ ਵਿਚ ਕਿਸੇ ਵੀ ਪਾਰਟੀ ਦੀ ਸਰਕਾਰ ਆਵੇ ਉਹ ਰਣਬੀਰ ਸੈਨਾ ਨੂੰ ਹੱਥ ਨਹੀਂ ਪਾਉਂਦੀ। ਰਣਬੀਰ ਸੈਨਾ ਵਡੇਰਿਆਂ ਦੀ ਸੇਵਾ ਕਰਦੀ ਹੈ ਅਤੇ ਲੋਕਾਂ ਤੇ ਜ਼ੁਲਮ ਢਾਉਂਦੀ ਹੈ। ਹਾਕਮ ਟੋਲਾ, ਰਿਆਸਤ ਅਤੇ ਇਸਦੀ ਸਰਕਾਰ ਰਣਬੀਰ ਸੈਨਾ ਦੀ ਹਰ ਤਰਾਂ ਨਾਲ ਰੱਖਿਆ ਕਰਦੇ ਹਨ।

ਸਰਕਾਰੀ ਦਹਿਸ਼ਤਗਰਦੀ ਸਿੱਧੇ ਤੌਰ ਤੇ ਫੌਜ, ਨੀਮ ਫੌਜ ਅਤੇ ਪੁਲੀਸ ਨਾਲ ਲੋਕਾਂ ਤੇ ਜ਼ੁਲਮ ਢਾਂਉਦੀ ਹੈ। ਪਿਛਲੇ ੬੦ ਸਾਲਾਂ ਵਿਚ ਲੱਖਾਂ ਹੀ ਲੋਕ ਇਸ ਦਹਿਸ਼ਤਗਰਦੀ ਦੇ ਸ਼ਿਕਾਰ ਹੋਏ ਹਨ। ਅੱਜ ਕਲ ਇਸਰਾਈਲ ਵਲੋਂ ਗਾਜ਼ਾ ਦੇ ਲੋਕਾਂ ਦੀ ਕਤਲੋਗਾਰਤ ਵੀ ਇਸ ਦੀ ਇਕ ਤਾਜ਼ਾ ਮਿਸਾਲ ਹੈ। ਦਿਨ ਦਿਹਾੜੇ ਇਸਰਾਇਲੀ ਜਹਾਜ਼ ਅਤੇ ਟੈਂਕ ਲੋਕਾਂ ਤੇ ਬੰਬਾਰੀ ਕਰ ਰਹੇ ਹਨ। ਕਸ਼ਮੀਰ , ਨਾਗਾਲੈਂਡ, ਮਣੀਪੁਰ ਅਤੇ ਹੋਰਨਾਂ ਥਾਂਵਾਂ ਤੇ ਵੀ ਇਹੋ ਜਿਹੀ ਕਤਲੋਗਾਰਤ ਦਹਾਕਿਆਂ ਤੋਂ ਚਲ ਰਹੀ ਹੈ। ਸਰਕਾਰੀ ਦਹਿਸ਼ਤਗਰਦੀ ਦਾ ਇਕ ਰੂਪ ਇਹ ਵੀ ਹੈ ਕਿ ਸਰਕਾਰ ਅਤੇ ਇਸ ਦੀਆਂ ਅਜੰਸੀਆਂ ਹਥਿਆਰਬੰਦ ਦਹਿਸ਼ਤਗਰਦ ਟੋਲੇ ਆਪ ਜੱਥੇਬੰਦ ਕਰਦੀਆਂ ਹਨ। ਮਿਸਾਲ ਦੇ ਤੌਰ ਤੇ ਛੱਤੀਸਗੜ ਵਿਚ ਸਲਵਾ ਜੁਧਮ ਨਾਮ ਦਾ ਹਥਿਆਰਬੰਦ ਟੋਲਾ ਕਾਂਗਰਸ ਦੀ ਸਰਕਾਰ ਨੇ ਜੱਥੇਬੰਦ ਕੀਤਾ ਹੈ। ਛੱਤੀਸਗੜ ਦੀ ਬੀ ਜੇ ਪੀ ਦੀ ਸਰਕਾਰ ਨੇ ਵੀ ਇਸ ਦੀ ਪਿੱਠ ਤੇ ਹੱਥ ਰਖਿਆ ਹੋਇਆ ਹੈ। ਇਹ ਟੋਲਾ ਵੀ ਪਿੰਡਾਂ ਵਿਚ ਕਤਲੋਗਾਰਤ ਮਚਾਉਂਦਾ ਹੈ ਅਤੇ ਲੋਕਾਂ ਵਿਚ ਦਹਿਸ਼ਤ ਫੈਲਾਂਉਂਦਾ ਹੈ। ਲੋਕਾਂ ਨੇ ਬਹੁਤ ਹੀ ਜ਼ੋਰ ਲਾਇਆ ਹੈ ਕਿ ਸਰਕਾਰ ਇਸ ਟੋਲੇ ਨੂੰ ਖਤਮ ਕਰ ਦੇਵੇ ਪਰ ਸਰਕਾਰ ਤੇ ਇਸਦਾ ਕੋਈ ਅਸਰ ਨਹੀਂ ਪੈਂਦਾ। ਇਸੇ ਤਰਾਂ ਦੂਸਰੀਆਂ ਥਾਂਵਾਂ ਤੇ ਵੀ ਇਹੋ ਜਿਹੀਆਂ ਕਈ ਮਿਸਾਲਾਂ ਮਿਲਦੀਆਂ ਹਨ।

ਕੰਪਨੀਆਂ ਵੀ ਸਿੱਧੇ ਤੌਰ ਤੇ ਦਹਿਸ਼ਤਗਰਦ ਟੋਲੇ ਜੱਥੇਬੰਦ ਕਰਦੀਆਂ ਹਨ। ਮਿਸਾਲ ਦੇ ਤੌਰ ਤੇ ਇਰਾਕ ਵਿਚ ਬਲੈਕਵਾਟਰ ਕੰਪਨੀ ਹਥਿਆਰਬੰਦ ਟੋਲਿਆਂ ਨੂੰ ਜੱਥੇਬੰਦ ਕਰਦੀ ਹੈ ਅਤੇ ਲੋਕਾਂ ਤੇ ਜ਼ੁਲਮ ਢਾਂਉਦੀ ਹੈ। ਹਿੰਦੁਸਤਾਨ ਵਿਚ ਵੀ ਕਈ ਕੰਪਨੀਆਂ ਜਾਂ ਤਾਂ ਹਥਿਆਰਬੰਦ ਟੋਲਿਆਂ ਨੂੰ ਸਿੱਧੇ ਤੌਰ ਤੇ ਵਰਤਦੀਆਂ ਹਨ ਜਾਂ ਸਰਕਾਰੀ ਦਹਿਸ਼ਤਗਰਦੀ ਦਾ ਇਸਤੇਮਾਲ ਕਰਦੀਆਂ ਹਨ। ਮਿਸਾਲ ਦੇ ਤੌਰ ਤੇ ਨੰਦੀਗਰਾਮ ਅਤੇ ਸਿੰਗੂਰ ਵਿਚ ਟਾਟਾ ਅਤੇ ਹੋਰ ਵੱਡੀਆਂ ਕੰਪਨੀਆਂ ਨੇ ਲੋਕਾਂ ਦੀ ਜ਼ਮੀਨ ਹਥਾਉਣ ਲਈ ਸਰਕਾਰੀ ਫੌਜ, ਪੁਲੀਸ ਅਤੇ ਨੀਮ ਫੌਜ ਰਾਹੀਂ ਲੋਕਾਂ ਦੀ ਮਾਰੋਮਾਰੀ ਕੀਤੀ। ਕਈ ਕੰਪਨੀਆਂ ਦੀ ਆਪਣੀ ਵੀ ਫੌਜ ਹੁੰਦੀ ਹੈ ਜਿਹੜੀ ਸਿਰਫ਼ ਉਨ੍ਹਾਂ ਦੇ ਇਸ਼ਾਰਿਆਂ ਤੇ ਹੀ ਕੰਮ ਕਰਦੀ ਹੈ ਅਤੇ ਕਿਸੇ ਨੂੰ ਜਵਾਬਦੇਹ ਨਹੀਂ ਹੁੰਦੀ ਅਤੇ ਨਾਂ ਹੀ ਕਿਸੇ ਕਾਨੂੰਨ ਦੀ ਪਰਵਾਹ ਕਰਦੀ ਹੈ। ਦੱਖਣੀ ਅਮਰੀਕਾ ਵਿਚ ਕਈ ਅਮਰੀਕਨ ਕੰਪਨੀਆਂ ਨੇ ਇਹੋ ਜਿਹੀ ਫੌਜ ਪਾਲੀ ਹੋਈ ਹੈ। ਨਿਕਰਾਗੁਆ, ਹੰਡੂਰਾਸ, ਚਿਲੇ, ਐਲ ਸੈਲਵਾਡੋਰ, ਗੁਆਤਾਮਾਲਾ, ਕੁਲੰਬੀਆ ਵਿਚ ਅਮਰੀਕਨ ਕੰਪਨੀਆਂ ਦੀ ਫੌਜ ਲੋਕਾਂ ਦੀ ਬਹੁਤ ਹੀ ਮਾਰੋਮਾਰੀ ਕਰਦੀ ਰਹੀ ਹੈ। ਅੱਜਕਲ ਅਮਰੀਕਨ ਖ਼ੁਫੀਆ ਅਜੰਸੀਆਂ ਦੇ ਪ੍ਰਧਾਨ ਨੀਗਰੋਪੌਂਟੇ ਦੇ ਵਰੰਟ ਵੀ ਇਸ ਸਿਲਸਿਲੇ ਵਿਚ ਨਿਕਲੇ ਹੋਏ ਹਨ ਪਰ ਅਮਰੀਕਾ ਉਸਨੂੰ ਵਾਪਸ ਭੇਜਣ ਲਈ ਤਿਆਰ ਨਹੀਂ।

ਹਾਕਮ ਟੋਲਾ ਇਨ੍ਹਾਂ ਤਿਨਾਂ ਹੀ ਤਰ੍ਹਾਂ ਦੀ ਦਹਿਸ਼ਤਗਰਦੀ ਨੂੰ ਆਪਣੇ ਸੌੜੇ ਹਿਤਾਂ ਲਈ ਵਰਤਦਾ ਹੈ। ਤਿਨਾਂ ਤਰ੍ਹਾਂ ਦੀ ਦਹਿਸ਼ਤਗਰਦੀ ਹਾਕਮ ਟੋਲੇ ਅਤੇ ਉਸਦੇ ਰਾਜ ਅਤੇ ਰਿਆਸਤ ਦੀ ਸ਼ਹਿ ਦੇ ਬਗੈਰ ਟਿਕ ਹੀ ਨਹੀਂ ਸਕਦੀ। ਇਸੇ ਕਰਕੇ ਆਮ ਤੌਰ ਤੇ ਦਹਿਸ਼ਤਗਰਦੀ ਦੇ ਹਮਲਿਆਂ ਵਿਚ ਅਕਸਰ ਕਿਸੇ ਨੂੰ ਕੋਈ ਸਜ਼ਾ ਨਹੀਂ ਹੁੰਦੀ ਕਿਉਂਕਿ ਹਾਕਮ ਟੋਲੇ ਅਤੇ ਇਸਦੀ ਰਿਆਸਤ ਦਾ ਇਨ੍ਹਾਂ ਹਮਲਿਆਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਕੋਈ ਹੱਥ ਜ਼ਰੂਰ ਹੁੰਦਾ ਹੈ। ਮਿਸਾਲ ਦੇ ਤੌਰ ਤੇ ਏਅਰ ਇੰਡੀਆ ਦੇ ਕਨਿਸ਼ਕ ਜਹਾਜ਼ ਦੇ ਕੇਸ ਨੂੰ ਲੈ ਲਉ। ਇਸ ਜਹਾਜ਼ ਵਿਚ ਧਮਾਕੇ ਨਾਲ ਸਾਰੇ ਹੀ ਮੁਸਾਫਰ ਮਰ ਗਏ ਹੀ। ੨੩ ਸਾਲ ਬਾਦ ਵੀ ਸੱਚਾਈ ਸਾਮ੍ਹਣੇ ਨਹੀਂ ਆਈ। ਕਨੇਡਾ ਦੇ ਜੱਜ ਨੂੰ ਇਹ ਕੇਸ ਖ਼ਾਰਜ ਕਰਨਾ ਪਿਆ ਕਿਓਂਕਿ ਕਨੇਡੀਅਨ ਖ਼ੁਫੀਆ ਅਜੰਸੀਆਂ ਖਾਸ ਤੌਰ ਤੇ ਆਰ ਸੀ ਐਮ ਪੀ ਦੇ ਬੰਦੇ ਇਸ ਵਿਚ ਫੱਸਦੇ ਸੀ।

ਹਾਕਮ ਟੋਲਾ ਅਤੇ ਇਸਦੀ ਰਿਆਸਤ ਅਤੇ ਸਾਮਰਾਜ ਇਨ੍ਹਾਂ ਤਿਨਾਂ ਤਰਾਂ ਦੀ ਦਹਿਸ਼ਤਗਰਦੀ ਨੂੰ ਪਾਲਦੇ ਅਤੇ ਸ਼ੈਅ ਦਿੰਦੇ ਹਨ। ਇਨ੍ਹਾਂ ਨੂੰ ਇਨ੍ਹਾਂ ਦੀ ਲੋੜ ਹੁੰਦੀ ਹੈ। ਇਹ ਕਦੇ ਇਕ ਨੂੰ ਅਤੇ ਕਦੇ ਦੂਜੀ ਜਾਂ ਤੀਸਰੀ ਤਰਾਂ ਦੀ ਦਹਿਸ਼ਤਗਰਦੀ ਨੂੰ ਲੋਕਾਂ ਖ਼ਿਲਾਫ਼ ਅਤੇ ਆਪਸ ਵਿਚ ਇਕ ਦੂਜੇ ਖਿਲਾਫ਼ ਆਪਣੀ ਅਜਾਰੇਦਾਰੀ ਕਾਇਮ ਕਰਨ ਲਈ ਵਰਤਦੇ ਹਨ। ਲੋਕਾਂ ਨੂੰ ਇਨ੍ਹਾਂ ਸਾਰੀਆਂ ਹੀ ਤਰਾਂ ਦੀ ਦਹਿਸ਼ਤਗਰਦੀ ਦਾ ਨੁਕਸਾਨ ਹੀ ਹੁੰਦਾ ਹੈ। ਉਨ੍ਹਾਂ ਦਾ ਕਿਸੇ ਵੀ ਦਹਿਸ਼ਤਗਰਦੀ ਨਾਲ ਕੋਈ ਫਾਇਦਾ ਨਹੀਂ ਹੁੰਦਾ। ਇਨ੍ਹਾਂ ਦਾ ਫਾਇਦਾ ਤਾਂ ਸਿਰਫ ਸਾਮਰਾਜ ਅਤੇ ਉਸਦੇ ਝੋਲੀਚੁੱਕ ਹਾਕਮ ਟੋਲੇ ਨੂੰ ਹੀ ਹੁੰਦਾ ਹੈ। ਹਰੇਕ ਦਹਿਸ਼ਤਗਰਦੀ ਦੀ ਵਾਰਦਾਤ ਪਿੱਛੇ ਇਨ੍ਹਾਂ ਦਾ ਹੀ ਹੱਥ ਹੁੰਦਾ ਹੈ ਉਹ ਭਾਂਵੇ ਕਿਸੇ ਹੀ ਰੰਗ ਜਾਂ ਰੂਪ ਵਿਚ ਹੋਵੇ। ਹਾਕਮ ਟੋਲੇ ਹੱਥ ਹੀ ਇਨ੍ਹਾਂ ਦੀ ਡੋਰ ਹੁੰਦੀ ਹੈ। ਦਹਿਸ਼ਤਗਰਦੀ ਭਾਂਵੇ ਕਿਸੇ ਤਰਾਂ ਦੀ ਹੋਵੇ ਹਾਕਮ ਟੋਲੇ, ਸਾਮਰਾਜ ਅਤੇ ਰਿਆਸਤ ਨਾਲ ਇਸਦੀ ਤਾਰ ਜੁੜੀ ਹੁੰਦੀ ਹੈ।